**Vol. 6 No. 2**
This article is from *Sikh Research Journal*, the online peer-reviewed journal of Sikh and Punjabi Studies

Sikh Research Journal *Vol. 6 No. 2 Published: Fall 2021.

http://sikhresearchjournal.org

http://sikhfoundation.org

## ਸਾਡੀ ਤਾਂ ਸਬਰਨੀਤੀ.......

**Kewal Singh Ratra**

ਇੱਕ ਪਾਸੇ ਭਗਵਾ ਤੇ ਸਾਂਹਵੇਂ ਹਰਾ ਰੰਗ ਆ
ਸਾਡੇ ਵਲੋਂ ਗੱਲ-ਬਾਤ ਤੇਰੇ ਵਲੋਂ ਸੰਗ ਆ
ਬੂਹੇ ਬੈਠੇ ਅੰਨਦਾਤੇ ਰਹੇ ਕੁੱਝ ਮੰਗ ਆ,........

ਸਾਡੇ ਵਲੋਂ ਮੁਲਾਕਾਤ, ਰਾਜੇ ਭਾਣੇ ਜੰਗ ਆ,.....
ਸਾਡੀ ਤਾਂ ਸਬਰਨੀਤੀ , ਉਹਦੀ ਹੀ ਦਬੰਗ ਆ।

ਇੱਕ ਪਾਸੇ ਮਹਾਂਮਾਰੀ , ਫਿਰਦੀ ਕਰੋਨਾ ਆ,
ਦੂਜੇ ਪਾਸੇ ਬਾਪੂ ਬੇਬੇ, ਵੇਖ ਆਉਂਦਾ ਰੋਣਾ ਆ,
ਠੰਡ ਬਰਸਾਤਾਂ ਵਿੱਚ ਭਿੱਜਿਆ ਵਿਛਾਉਣਾ ਆ.........
ਅਸਾਂ ਕਿਹੜਾ ਕੀਤਾ ,ਤੇਰੇ ਮਾਪਿਆਂ ਨੂੰ ਤੰਗ ਆ
ਸਾਡੇ ਵਲੋਂ ਮੁਲਾਕਾਤ....ਰਾਜੇ ਭਾਣੇ ਜੰਗ ਆ
ਸਾਡੀ ਤਾਂ ਸਿਦਕਨੀਤੀ ......ਤੇਰੀ ਹੀ ਦਬੰਗ ਆ ।

ਚੁੱਪ ਚਾਪ ਖੇਤੀ ਦੇ ਕਾਨੂੰਨ ਬਣਵਾ ਲਏ,
ਭਾਰੋਆਂ ਦੇ ਕਹਿਣ ਉੱਤੇ, ਫਾਇਦੇ ਗਿਣਵਾ ਲਏ,
ਬਣਕੇ ਸ਼ਿਕਾਰੀ ਤੂੰ, ਕਿਸਾਨ ਵੀ ਫਸਾ ਲਏ.........
ਦੇਸ਼ ਬੰਦ ਕਰਕੇ , ਤੂੰ ਕੀਤੇ ਮੂੰਹ ਵੀ ਬੰਦ ਆ,
ਸਾਡੇ ਵਲੋਂ ਮੁਲਾਕਾਤ .....ਰਾਜੇ ਭਾਣੇ ਜੰਗ ਆ
ਸਾਡੀ ਤਾਂ ਸਬਰਨੀਤੀ.....

ਮੰਨਿਆ ਕਿ ਗੁਜਰਾਤੀ, ਪੈਸੇ ਦੇ ਵਪਾਰੀ ਨੇ
ਬੈਂਕਾਂ ਲੁੱਟ ਬਹੁਤੇ ਹੀ ਤਾਂ, ਮਾਰ ਗਏ ਉਡਾਰੀ ਨੇ
ਬਾਰਡਰਾਂ ਤੋਂ ਡਰ , ਬਹੁਤੇ ਸਿਰੇ ਦੇ ਮਕਾਰੀ ਨੇ........,
ਉਹਨਾਂ ਤਾਂ ਸ਼ਹੀਦਾਂ ਦਾ ਨਹੀਂ, ਗਾਇਆ ਪ੍ਰਸੰਗ ਆ,
ਸਾਡੇ ਵਲੋਂ ਮੁਲਾਕਾਤ, ਰਾਜੇ ਭਾਣੇ.........
ਸਾਡੀ ਤਾਂ ਸਬਰ ਨੀਤੀ......

ਦੇਸ਼ ਨੂੰ ਹਮੇਸ਼ਾਂ ,ਸਰਕਾਰ ਹੀ ਚਲਾਉਂਦੀ ਹੈ
ਪਰ ਤੇਰੀ ਚਾਬੀ ,ਲਾਭੀ ਜੁੰਡਲੀ ਘੁੰਮਾਉਂਦੀ ਹੈ
ਵਿਕੀ ਸਰਕਾਰ ,ਅੰਤ ਆਪਣਾ ਕਰਾਉਂਦੀ ਹੈ,.....
ਇਹਨਾਂ ਨੇ ਹੀ ਇੱਕ ਦਿਨ ,ਘੁੱਟ ਦੇਣ ਸੰਘ ਆ
ਸਾਡੇ ਵਲੋਂ ਮੁਲਾਕਾਤ, ਰਾਜੇ ਭਾਣੇ ਜੰਗ ਆ
ਸਾਡੀ ਤਾਂ ਸਬਰ ਨੀਤੀ .....

ਕਿਰਤੀ ਕਿਸਾਨ ,ਮਜ਼ਦੂਰ ਤੇਰੇ ਦੇਸ਼ ਦੇ,
ਇਹ ਨਹੀਂ ਅੱਤਵਾਦੀ ਵੱਖਵਾਦੀ ਪ੍ਰਦੇਸ ਦੇ,
ਬਿਨਾ ਹਥਿਆਰ, ਨਾਲੇ ਸਾਦੇ ਜਿਹੇ ਭੇਸ ਦੇ......
ਥੋਡਾ ਮੀਡੀਆ ਹੀ ਰਿਹੈ, "ਰੱਤੜੇ" ਨੂੰ ਭੰਡ ਆ
ਸਾਡੇ ਵਲੋਂ ਮੁਲਾਕਾਤ, ਰਾਜੇ ਵਲੋਂ ਜੰਗ ਆ।
ਸਾਡੀ ਤਾਂ ਸਬਰਨੀਤੀ, ਤੇਰੀ ਹੀ ਦਬੰਗ ਆ।
ਸਾਡੀ ਤਾਂ ਸਿਦਕਨੀਤੀ ਤੇਰੀ ਹੀ...
ਸਾਡੀ ਤਾਂ ਸ਼ਰੀਫਨੀਤੀ , ਤੇਰੀ ਹੀ...

## Words of Patience

**Translation by Kewal Singh Ratra**

We, the tillers of land,
with green headwears, we stand.
You, the ruler of nation, wearing orange color posing thy saintly look.
We sit at doorsteps of thy palace,
Wish to convey our sufferings to you,
It's Our Appeal, not war as you presume.

Upset is the Whole world due to Corona,
On the Delhi Borders,our old parents sit on wet ground under rain and shivering nights.
None have we troubled.
You listen to us, O ruler of land.

You passed anti farming laws silently
on the instance of the rich lords.
In captivity, now feel the farmers like prey.
Under lockdown, though want to sew our lips.

Your favourite lobby are tradesmen.
They cheated the Banks and flew away to other safer lands.
Not honest, they are not patriots. But You did nothing to catch them.

Aware you are that king rules
The masses and their Welfare be your moto. Mind it! These thieves will bring your downfall.

Workers and peasants we are
Of this nation,
Neither terrorists nor separatists from far off land,
Simple we are, without a dagger.
But your media projects us war lovers,
Whereas we are peace lovers,
O ruler, do listen to our words of patience ….

*Kewal Singh Ratra*, a native of Kapurthala district in Punjab, is a retired state insurance officer. This poem by Ratra was published in the book "Jagdi Zameer" to which the poet holds copyright. *Sikh Research Journal* has published the poem with Kewal Singh Ratra's permission.